ਡਾਇਰੈਕਟੋਰੇਟ ਸਥਾਨਕ ਸਰਕਾਰ ਪੰਜਾਬ, ਚੰਡੀਗੜ੍ਹ।

ਪੰਜਾਬ ਮਿਉਂਸਪਲ ਭਵਨ, ਪਲਾਟ ਨੰ: 3, ਸੈਕਟਰ-35-ਏ, ਚੰਡੀਗੜ੍ਹ।

ਫੋਨ ਨੰ: 0172-2619274 ਈ.ਮੇਲ.-dcfalg35@gmail.com

(ਲੇਖਾ ਸਾਖਾ)

ਸੇਵਾ ਵਿਖੇ,

ਕਾਰਜ ਸਾਧਕ ਅਫਸਰ,
ਨਗਰ ਕੌਂਸਲ, ਬਟਾਲਾ।

ਨੰ: ਲੇਖਾ-6-ਉਕਵਲ-ਡਸਸ-(37)-18/
ਮਿਤੀ:

ਵਿਸ਼ਾ:- ਨਗਰ ਕੌਂਸਲ, ਬਟਾਲਾ ਦਾ ਬਜਟ ਸਾਲ 2018-19 ਸਬੰਧੀ।

********

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਉਕਤ ਸਥਾਨਕ ਸੰਸਥਾ ਦਾ ਬਜਟ ਅਨੁਮਾਨ ਸਾਲ 2018-19 ਇਸ ਵਿਭਾਗ ਵਿਖੇ ਪ੍ਰਵਾਨਗੀ ਲਈ ਪ੍ਰਾਪਤ ਹੋਇਆ ਹੈ ਵਿਭਾਗ ਵੱਲੋਂ ਡਿਸਕਸ਼ਨ ਉਪਰੰਤ ਸਾਲ 2018-19 ਲਈ ਅਸਲ ਆਮਦਨ ਅਤੇ ਖਰਚਾ ਹੇਠ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ:-

ਬਜਟ ਐਸਟੀਮੇਟ (2018-19) (ਰਕਮ ਲੱਖਾਂ ਵਿੱਚ)

| ਆਮਦਨ | ਵਿਭਾਗ ਦੀ ਤਜਵੀਜ |
|---|---|
| ਮਿਤੀ 01/04/2018 ਨੂੰ ਮੁੱਢਲਾ ਬਕਾਇਆ (ਕੈਸ਼ ਬੁੱਕ ਅਨੁਸਾਰ) | 66.65 |
| ਸਾਲ 2018-19 ਲਈ ਆਮਦਨ | 3483.00 |
| ਕੁਲ | **3549.65** |
| ਖਰਚਾ | |
| ੳ) ਅਮਲਾ : ਕੇਵਲ ਮੌਜੂਦਾ ਪੋਸਟਾਂ ਅਤੇ ਏਰੀਅਰ ਲਈ / ਪੈਨਸ਼ਨ ਕੰਟਰੀਬਿਉਸ਼ਨ / ਰਿਟਾਇਰਮੈਂਟ ਬੈਨੀਫਿਟ/ ਗਰੈਚੂਟੀ ਅਤੇ ਲੀਵ ਇੰਨਕੈਸਮੈਂਟ ਆਦਿ | 1650.00 |
| ਅ) ਕੰਟੀਜੈਂਸੀ: | 117.00 |
| ੲ) ਵਿਕਾਸ ਦੇ ਕੰਮਾਂ ਲਈ: ਕਮਿਟਡ : | 1500.00 |
| ਨਾਨ ਕਮਿਟਡ : | |
| ਕੁਲ | **3267.00** |
| ਮਿਤੀ 31/3/2019 ਲਈ ਅੰਤਿਮ ਬਕਾਇਆ | 282.65 |
| ਕੁਲ | **3549.65** |

ਆਮਦਨ- ਇਸ ਮੱਦ ਅਧੀਨ ਸਾਲ 2018-19 ਲਈ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦੀ ਕੁੱਲ ਆਮਦਨ 3483.00 ਲੱਖ ਰੁਪਏ ਪ੍ਰਵਾਨ ਕੀਤੀ ਜਾਂਦੀ ਹੈ -

| ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|
| ਹਾਊਸ/ਪ੍ਰਾਪਰਟੀ ਟੈਕਸ | 412.13 |
| ਪੀ.ਐਮ.ਐਫ. | 1800.00 |
| ਬਿਜਲੀ ਤੇ ਮਿਓਂਸਪਲ ਟੈਕਸ | 120.00 |
| ਐਕਸਾਈਜ ਡਿਊਟੀ | 121.00 |
| ਵਾਟਰ / ਸੀਵਰੇਜ | 69.00 |
| ਰੈਂਟ/ਤਹਿਬਜਾਰੀ | 26.00 |
| ਅੱਡਾ ਫੀਸ | 65.00 |
| ਫਾਇਰ ਸੈਸ | 179.00 |
| ਫੀਸਾਂ (ਲਾਇਸੰਸ ਫੀਸ/ ਬਿਲਡਿੰਗ ਲਾਇਸੰਸ ਫੀਸ/ਮੈਟਰਨਿਟੀ ਹਸਪਤਾਲ/ਸਲਾਟਰ ਹਾਊਸ) | 166.50 |
| ਫੁਟਕੱਲ | 113.37 |
| ਅਡਵਰਟਾਈਜਮੈਂਟ ਟੈਕਸ | 10.00 |
| ਸੇਲ ਆਫ ਪ੍ਰਾਪਰਟੀ | 500.00 |
| ਕੁਲ ਜੋੜ | **3483.00** |

ਨੋਟ :- ਆਪ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਰਿਕਵਰੀ ਦੇ ਕੰਮ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਰਿਕਵਰੀ ਬਰਾਂਚਾਂ ਨੂੰ ਹੁਕਮ ਕੀਤੇ ਜਾਣ ਕਿ ਹਾਊਸ /ਪ੍ਰਾਪਰਟੀ ਟੈਕਸ, ਵਾਟਰ ਸਪਲਾਈ / ਸੀਵਰੇਜ /ਰੈਂਟ / ਤਹਿਬਜਾਰੀ ਦਾ ਪਿਛਲਾ ਸਾਰਾ ਬਕਾਇਆ ਅਗਲੇ ਤਿੰਨ ਮਹੀਨਿਆਂ ਦੌਰਾਨ ਹਰ ਹਾਲਤ ਵਿੱਚ ਰਿਕਵਰ ਕੀਤਾ ਜਾਵੇ ਅਤੇ ਰਿਕਵਰੀ

ਰਿਪੋਰਟ ਇਸ ਦਫਤਰ ਨੂੰ ਪੁੱਜਦਾ ਕੀਤਾ ਜਾਵੇ। ਜੇਕਰ ਰਿਕਵਰੀ ਬਰਾਂਚਾਂ ਅਜਿਹਾ ਕਰਨ ਵਿੱਚ ਅਣਗਹਿਲੀ ਕਰਦੀਆਂ ਹਨ ਤਾਂ ਆਪ ਆਪਣੇ ਪੱਧਰ ਤੇ ਉਨਾਂ ਦੇ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕਰਨ ਲਈ ਸਮਰੱਥ ਹੋਵੋਗੇ।

ਖਰਚਾ:

ਅਮਲਾ: ਅਮਲਾ ਹੈਡ ਅਧੀਨ 1650.00 ਲੱਖ ਰੁਪਏ ਪ੍ਰਵਾਨ ਕੀਤੇ ਜਾਂਦੇ ਹਨ। ਬਜਟ ਵਿੱਚ ਖਾਲੀ ਪੋਸਟਾਂ ਦਾ ਖਰਚਾ ਪ੍ਰਵਾਨ ਨਹੀਂ ਕੀਤਾ ਗਿਆ ਹੈ ਜਦੋਂ ਅਸਾਮੀਆਂ ਦੀ ਭਰਤੀ ਕੀਤੀ ਜਾਵੇਗੀ ਉਸ ਸਮੇਂ ਖਰਚਾ ਪ੍ਰਵਾਨ ਕਰਵਾ ਲਿਆ ਜਾਵੇ। ਇਸ ਮੱਦ ਅਧੀਨ ਪ੍ਰਵਾਨ ਹੋਇਆ ਖਰਚਾ ਕੇਵਲ ਮੌਜੂਦਾ ਪੋਸਟਾ ਲਈ, ਪੈਨਸਨ ਕੰਟਰੀਬਿਊਸਨ ਲਈ ਵਰਤਿਆ ਜਾਵੇਗਾ। ਲੰਬਿਤ ਦੇਣਦਾਰੀਆਂ ਪਹਿਲ ਦੇ ਆਧਾਰ ਤੇ ਅਦਾ ਕਰਨ ਦੇ ਹੁਕਮ ਦਿੱਤੇ ਜਾਂਦੇ ਹਨ।

ਨੋਟ :- ਨਗਰ ਕੌਂਸਲ ਨੂੰ ਲਿਖਿਆ ਜਾਂਦਾ ਹੈ ਕਿ ਕਿਸੇ ਵੀ ਅਸਾਮੀ ਨੂੰ ਆਪਣੇ ਪੱਧਰ ਤੇ ਇਸ ਵਿਭਾਗ ਤੋਂ ਪ੍ਰਵਾਨਤ ਸਕੇਲ ਤੋਂ ਵੱਧ ਸਕੇਲ ਨਾ ਦਿੱਤਾ ਜਾਵੇ ਅਤੇ ਨਾ ਹੀ ਕਿਸੇ ਪੋਸਟ ਨੂੰ ਇਸ ਵਿਭਾਗ ਤੋਂ ਪ੍ਰਵਾਨਤ ਪੋਸਟਾਂ ਤੋਂ ਇਲਾਵਾ ਕੋਈ ਡੈਜੀਗਨੇਸ਼ਨ ਦਿੱਤਾ ਜਾਵੇ।

ਕੰਟੀਜੈਂਸੀ:- ਇਸ ਮੱਦ ਅਧੀਨ ਸਾਲ 2018-19 ਲਈ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦਾ ਕੁਲ ਖਰਚਾ 117.00 ਲੱਖ ਰੁਪਏ ਪ੍ਰਵਾਨ ਕੀਤਾ ਜਾਂਦਾ ਹੈ :-

| ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|
| ਸਟੇਸ਼ਨਰੀ | 8.00 |
| ਪੈਟਰੋਲ ਅਤੇ ਵਹੀਕਲ | 15.00 |
| ਕੰਪਿਊਟਰ | 1.00 |
| ਟੈਲੀਫੋਨ | 1.00 |
| ਬਿਜਲੀ ਦੇ ਬਿਲ | 15.00 |
| ਓ ਐਂਡ ਐਮ | 12.00 |
| ਅਦਰਜ | 65.00 |
| ਜੋੜ | **117.00** |

ਨੋਟ:- ਕਿਸੇ ਵੀ ਸਬ ਹੈਡ ਅਧੀਨ ਖਰਚਾ ਵੱਧਣ ਦੀ ਸੂਰਤ ਵਿੱਚ ਇਸ ਦਫਤਰ ਵੱਲੋਂ ਬਜਟ ਵਿੱਚ ਸੋਧ ਕਰਵਾਈ ਜਾਵੇ ਅਤੇ ਆਪਣੇ ਪੱਧਰ ਤੇ ਸਬ ਹੈਡਾਂ ਦੇ ਬਜਟ ਦੀ ਅਡਜਸਟਮੈਂਟ ਨਾ ਕੀਤੀ ਜਾਵੇ।

ਵਿਕਾਸ:- ਇਸ ਮੱਦ ਅਧੀਨ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ (ਕਮਿਟਡ ਅਤੇ ਨਾਨ ਕਮਿਟਡ) ਲਈ ਕੁਲ ਖਰਚਾ 1500.00 ਲੱਖ ਰੁਪਏ ਪ੍ਰਵਾਨ ਕੀਤਾ ਜਾਂਦਾ ਹੈ :-

| ਹੈਡ ਦਾ ਨਾਮ (ਕਮਿਟਡ) | ਵਿਭਾਗ ਦੀ ਪ੍ਰਵਾਨਗੀ |
|---|---|
| ਸਟਰੀਟ ਲਾਈਟ ਦੇ ਬਿਲ | 100.00 |
| ਸਟਰੀਟ ਲਾਈਟ ਦਾ ਰੱਖ ਰਖਾਵ | 50.00 |
| ਸਫਾਈ ਦਾ ਠੇਕਾ | 330.00 |
| ਡਾਇਰੈਕਟੋਰੇਟ ਚਾਰਜਿਜ /52(1) ਬੀ/ਐਮ. ਸੀ ਬਿਲਡਿੰਗ | 30.00 |
| ਪੁਰਾਣਿਆ ਦੇਣਦਾਰੀਆਂ | 130.00 |
| 2/11 ਸ਼ੇਅਰ ਆਫ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ | 300.00 |
| ਜੋੜ | **940.00** |
| ਨਾਨ ਕਮਿਟਡ | |
| ਸੜਕਾਂ ਦੀ ਮੁਰੰਮਤ | 150.00 |
| ਗਲੀਆਂ ਦੀ ਰਿਪੇਅਰ | 150.00 |
| ਸੋਲਿਡ ਵੇਸਟ ਲਈ | 36.00 |
| ਨਾਲਿਆਂ ਦੀ ਰਿਪੇਅਰ | 150.00 |
| ਮਸੀਨਰੀ/ਵੀਹਕਲ ਦ /ਜੇ.ਸੀ.ਬੀ. ਦੀ ਮੈਂਟੀਨੈਂਸ | 10.00 |
| ਮਿਸਲੇਨੀਅਸ(ਵਾ/ਸ,ਅਵਾਰਾ ਕੁੱਤੇ/ਨਾਇਟ ਸ਼ੈਲਟਰ ਆਦਿ) | 64.00 |
| ਜੋੜ | **560.00** |
| ਕੁੱਲ ਜੋੜ | **1500.00** |

ਉਕਤ ਤੋਂ ਇਲਾਵਾ ਮਾਨਯੋਗ ਡ.ਸ.ਸ ਜੀ ਦੇ ਹੁਕਮਾਂ ਅਨੁਸਾਰ ਆਪ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ :-

1. ਪ੍ਰਵਾਨਤ ਪੋਸਟਾਂ ਤੋਂ ਵੱਧ ਸਟਾਫ ਤੇ ਖਰਚਾ ਨਾ ਕੀਤਾ ਜਾਵੇ ਅਤੇ ਕੋਈ ਵੀ ਅਸਾਮੀ ਦੀ ਰਚਨਾ ਦੀ ਮੰਨਜੂਰੀ ਸਰਕਾਰ ਤੋਂ ਪ੍ਰਵਾਨਗੀ ਪ੍ਰਾਪਤ ਹੋਣ ਉਪਰੰਤ ਹੀ ਬਜਟ ਵਿੱਚ ਤਜਵੀਜ ਕੀਤੀ ਜਾਵੇ ਬਿਨਾਂ ਪ੍ਰਵਾਨਗੀ ਤੋਂ ਬਜਟ ਵਿੱਚ ਕੀਤੀ ਗਈ ਤਜਵੀਜ ਰੱਦ ਸਮਝੀ ਜਾਵੇਗੀ।
2. ਵਿਕਾਸ ਦੇ ਕੰਮ ਸਮਰੱਥ ਅਥਾਰਟੀ ਦੀ ਪੂਰਵ ਪ੍ਰਵਾਨਗੀ ਉਪਰੰਤ ਹੀ ਕਰਵਾਏ ਜਾਣ।
3. ਕਿਸੇ ਵੀ ਕਾਰਜ ਸਾਧਕ ਅਫਸਰ ਦਰਜਾ -3 ਨੂੰ 10300-34800+4400, ਦਰਜਾ -2 ਨੂੰ 10300-34800+4600 ਅਤੇ ਦਰਜਾ -1 ਨੂੰ 15600-39100+6600 ਤੋਂ ਵੱਧ ਸਕੇਲ ਨਾ ਦਿੱਤਾ ਜਾਵੇ।

4. ਨਵੇਂ ਸਟਾਫ ਦੀ ਕੰਟਰੈਕਟ ਤੇ ਜਾਂ ਰੈਗੂਲਰ ਤੌਰ ਤੇ ਆਪਣੇ ਪੱਧਰ ਤੇ ਕੋਈ ਭਰਤੀ ਨਾ ਕੀਤੀ ਜਾਵੇ।

5. ਆਮਦਨ ਦੇ ਹੋਰ ਸਰੋਤਾਂ ਤੋਂ ਆਮਦਨ ਵਧਾਉਣ ਸਬੰਧੀ ਉਪਰਾਲੇ ਕੀਤੇ ਜਾਣ।

6. ਬਿਜਲੀ ਦੇ ਬਿਲਾਂ ਦੀਆਂ ਅਤੇ ਹੋਰ ਲੰਬਿਤ ਦੇਣਦਾਰੀਆਂ ਪਹਿਲ ਦੇ ਅਧਾਰ ਤੇ ਖਤਮ ਕੀਤੀਆਂ ਜਾਣ।

7. ਸਾਲ 2018-19 ਤੋਂ ਡਬਲ ਐਂਟਰੀ ਸਿਸਟਮ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ।

<u>ਸ਼ਰਤਾਂ</u>:-

1. ਸਾਲ 2018-19 ਲਈ ਮਿਥਿਆ ਗਿਆ ਆਮਦਨ ਦਾ ਟੀਚਾ ਪੂਰਾ ਕਰਨ ਲਈ ਕਾਰਜ ਸਾਧਕ ਅਫਸਰ ਦੀ ਜੁੰਮੇਵਾਰੀ ਹੋਵੇਗੀ।
2. ਨਗਰ ਕੌਂਸਲ ਅੰਦਰ ਪੈਂਦੀਆਂ ਸਾਰੀਆਂ ਇਮਾਰਤਾਂ ਦਾ ਹਾਊਸ ਟੈਕਸ ਅਤੇ ਹੋਰ ਤਰ੍ਹਾਂ ਦੀ ਉਗਰਾਹੀ ਲਈ ਸਰਵੇ ਤਿੰਨ ਮਹੀਨੇ ਦੇ ਅੰਦਰ-ਅੰਦਰ ਮੁਕੰਮਲ ਕਰਵਾਇਆ ਜਾਵੇ ਅਤੇ ਏਰੀਅਰ ਦੀ 100% ਰਿਕਵਰੀ ਯਕੀਨੀ ਬਣਾਈ ਜਾਵੇ।
3. ਅਮਲੇ ਦੇ ਖਰਚੇ ਅਤੇ ਦਫਤਰੀ ਖਰਚੇ ਨੂੰ ਹੋਰ ਘੱਟ ਕਰਨ ਸਬੰਧੀ ਉਪਰਾਲੇ ਕੀਤੇ ਜਾਣ।
4. ਕਿਸੇ ਵੀ ਖਰਚੇ ਦੀ ਮੱਦ ਅਧੀਨ ਪ੍ਰਵਾਨ ਕੀਤੇ ਖਰਚੇ ਤੋਂ ਵੱਧ ਖਰਚਾ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਲਏ ਬਗੈਰ ਨਾ ਕੀਤਾ ਜਾਵੇ ਅਤੇ ਨਾ ਹੀ ਅਗਾਊਂ ਪ੍ਰਵਾਨਗੀ ਆਉਣ ਦੀ ਆਸ ਵਿੱਚ ਕੀਤਾ ਜਾਵੇ।
5. ਕੋਈ ਨਵੀਂ ਅਸਾਮੀ/ਖਾਲੀ ਅਸਾਮੀ ਸਥਾਨਕ ਸਰਕਾਰ ਵਿਭਾਗ ਦੀ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਨਾ ਭਰੀ ਜਾਵੇ।
6. ਇਸ ਵਿਭਾਗ ਦੀ ਪ੍ਰਵਾਨਗੀ ਤੋਂ ਬਗੈਰ ਕਿਸੇ ਅਸਾਮੀ ਦੀ ਤਬਦੀਲੀ ਨਾ ਕੀਤੀ ਜਾਵੇ ਅਤੇ ਕਰਮਚਾਰੀ ਦਾ ਕਾਡਰ ਵੀ ਤਬਦੀਲ ਨਾ ਕੀਤਾ ਜਾਵੇ।
7. ਕੋਈ ਵੀ ਵਹੀਕਲ ਇਸ ਦਫਤਰ ਦੀ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਖਰੀਦ ਨਾ ਕੀਤਾ ਜਾਵੇ।
8. ਡੇਲੀਵੇਜਿਜ ਜਾਂ ਕੰਟਰੈਕਟ ਦੇ ਅਧਾਰ ਤੇ ਇਸ ਦਫਤਰ ਦੀ ਵਿਸੇਸ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਵੀ ਨਿਯੁਕਤੀ ਨਾ ਕੀਤੀ ਜਾਵੇ
9. ਚੰਡੀਗੜ੍ਹ ਵਿਖੇ ਉਸਾਰੇ ਜਾਣ ਵਾਲੇ ਮਿਊਂਸਪਲ ਭਵਨ ਲਈ ਨਗਰ ਕੌਂਸਲ ਦੀ ਕੁਲ ਆਮਦਨ ਦਾ 1% ਦੀ ਰਾਸ਼ੀ ਦਾ ਉਪਬੰਧ ਕੀਤਾ ਜਾਂਦਾ ਹੈ
10. <u>ਵਿਕਾਸ</u> : ਵਰਕਸ ਦਾ ਖਰਚਾ ਸਪਲਿਟ ਕਰਨ ਤੇ ਪਾਬੰਦੀ ਹੈ। ਹਰ ਹਾਲਤ ਵਿੱਚ ਜੋ ਪੈਸੇ ਸਰਕਾਰ ਵੱਲੋਂ ਦਿੱਤੇ ਜਾਂਦੇ ਹਨ, ਉਸ ਨਾਲ ਕੰਮ ਵੀ ਸਮੇਂ ਸੀਮਾਂ ਅਤੇ ਮਿਥੇ ਤਖਮੀਨੇ ਵਿੱਚ ਮੁਕੰਮਲ ਕੀਤਾ ਜਾਵੇ। ਗਰਾਂਟ ਦਾ ਖਰਚਾ ਸਕੀਮ ਵਿੱਚ ਦਰਜ ਹਦਾਇਤਾਂ ਅਨੁਸਾਰ ਕੀਤਾ ਜਾਵੇ ਅਤੇ ਵਰਤੋਂ ਸਰਟੀਫਿਕੇਟ ਮੁੱਖ ਦਫਤਰ ਵਿਖੇ ਸਬੰਧਤ ਸਾਖਾ ਨੂੰ ਸਮੇਂ-ਸਿਰ ਪੁੱਜਦਾ ਕੀਤਾ ਜਾਵੇ। ਕੌਂਸਲ ਵੱਲੋਂ ਹਰ ਸਾਲ ਅਪਣੀ ਪ੍ਰਬੰਧਕੀ ਰਿਪੋਰਟ ਤਿਆਰ ਕਰਕੇ ਸਮੇਂ ਸਿਰ ਸਰਕਾਰ ਨੂੰ ਭੇਜੀ ਜਾਵੇ। ਵਰਕਚਾਰਜ ਅਮਲੇ ਤੇ ਹੋਣ ਵਾਲਾ ਖਰਚਾ ਵਿਕਾਸ ਦੀ ਮੱਦ ਹੇਠ ਨਾ ਕੀਤਾ ਜਾਵੇ ਉਸ ਨੂੰ ਅਮਲੇ ਦੀ ਮੱਦ ਵਿੱਚ ਕੀਤਾ ਜਾਵੇ।
11. ਸਾਲ 2018-19 ਦੌਰਾਨ ਵਿਕਾਸ ਦੇ ਕੰਮਾਂ ਦੀ ਜੋ ਸੂਚੀ ਬਜਟ ਅਨੁਮਾਨ ਨਾਲ ਭੇਜੀ ਹੈ ਉਸ ਦੇ ਅਨੁਸਾਰ ਹੀ ਵਿਕਾਸ ਦੇ ਕੰਮ ਕਰਵਾਏ ਜਾਣ ਨੂੰ ਯਕੀਨੀ ਬਣਾਇਆ ਜਾਵੇ।
12. ਕਰਮਚਾਰੀਆਂ ਨੂੰ ਮਿਲਣ ਵਾਲੇ ਰਿਟਾਇਰਲ ਡਿਊਜ, ਜੀ.ਪੀ.ਫੰਡ ਦੀ ਅਦਾਇਗੀ, ਪੈਨਸਨ ਫੰਡ ਦੀ ਅਦਾਇਗੀ, ਹੁਡਕੋ ਅਤੇ ਐਲ.ਆਈ.ਸੀ.ਦੇ ਕਰਜਿਆਂ ਦੀ ਅਦਾਇਗੀ ਨੂੰ ਫਸਟ ਚਾਰਜ ਰੱਖਦੇ ਹੋਏ ਪਹਿਲ ਦੇ ਅਧਾਰ ਤੇ ਅਦਾਇਗੀ ਕੀਤੀ ਜਾਵੇ।
13. ਕਰਮਚਾਰੀਆਂ ਨੂੰ ਕਰਜੇ ਦੇਣ ਦੇ ਸਬੰਧ ਵਿੱਚ ਰਾਜ ਸਰਕਾਰ ਦੁਆਰਾ ਆਪਣੇ ਕਰਮਚਾਰੀਆਂ ਲਈ ਜਾਰੀ ਕੀਤੇ ਦਿਸਾ-ਨਿਰਦੇਸਾਂ ਦੀ ਪਾਲਣਾ ਕੀਤੀ ਜਾਵੇ।
14. ਸਹਿਰੀ ਗਰੀਬਾਂ ਨੂੰ ਮੁਢਲੀ ਸਹੂਲਤਾਂ ਦੇਣ ਸਬੰਧੀ ਉਪਰਾਲੇ ਕੀਤੇ ਜਾਣ।
15. ਸਾਲ 2018-19 ਦੇ ਪ੍ਰਵਾਨ ਕੀਤੇ ਬਜਟ/ਆਮਦਨ ਦਾ 1% ਨਗਰ ਕੌਂਸਲ ਦੇ ਵਿਕਾਸ ਦੇ ਫੰਡ ਵਿੱਚੋਂ ਸਹਿਰ ਦੀ ਹਰਿਆਵਲੀ/ਗਰੀਨਰੀ ਲਈ ਵਰਤਿਆ ਜਾਵੇ।
16. ਸਥਾਨਕ ਸੰਸਥਾ ਦੇ ਦਫਤਰ ਵਿੱਚ ਕੰਪਿਊਟਰਾਈਜੇਸਨ ਕਰਨ ਲਈ ਬਜਟ ਦੇ ਫੰਡਾਂ ਵਿੱਚੋਂ ਆਪ ਦੇ ਅਧਿਕਾਰੀਆਂ / ਕਰਮਚਾਰੀਆਂ ਨੂੰ ਕੰਪਿਊਟਰ ਟਰੇਨਿੰਗ ਆਪਣੇ ਪੱਧਰ ਤੇ ਕਰਵਾਈ ਜਾਵੇ ਅਤੇ ਸਾਰੀਆਂ ਬਰਾਂਚਾਂ ਦੀ ਨੈਟ-ਵਰਕਿੰਗ ਕਰਕੇ ਕੰਪਿਊਟਰਾਈਜੇਸਨ ਹਰ ਹਾਲਤ ਵਿੱਚ ਕੀਤੀ ਜਾਵੇ।
17. ਕਿਸੇ ਵੀ ਸਥਾਨਕ ਸੰਸਥਾ ਦੇ ਸਬੰਧ ਵਿੱਚ ਆਡਿਟ ਵੱਲੋਂ ਜੋ ਇਤਰਾਜ ਲਗਾਏ ਜਾਂਦੇ ਹਨ ਉਨ੍ਹਾਂ ਦਾ ਉੱਤਰ ਆਡਿਟ ਨੋਟ ਵਿੱਚ ਦਰਸਾਏ ਅਨੁਸਾਰ ਸਮੇਂ ਸਿਰ ਸਾਰੇ ਪੈਰ੍ਹੇ ਨਾਲ-ਨਾਲ ਸੈਟਲ ਕਰਵਾਏ ਜਾਣ।

o/c ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)

ਪਿੱਠ ਅੰਕਣ ਨੰ:ਲੇਖਾ-6-ਉਕਵਲ-ਡਸਸ-(37)-18/ ਮਿਤੀ:

ਇਸ ਦਾ ਇੱਕ ਉਤਾਰਾ ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਅੰਮ੍ਰਿਤਸਰ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

o/c ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)